# I.K. Gujral Punjab Technical University Jalandhar
## AMRITSAR CAMPUS
*Estd. Under Punjab Technical University Act, 1996 (Punjab Act No. 1 of 1997)*

No. IKGPTU/ASR/59 | Date : 15/02/2023

## ਸਰਕੂਲਰ

ਵਿਸ਼ਾ :- **ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਫਾਰ ਐਸ.ਸੀ. ਸਟੂਡੈਂਟ ਅਧੀਨ ਦਾਖਲਾ ਸਾਲ / ਸੈਸ਼ਨ 2017-18, 2018-19, 2019-20, 2020-21, 2021-22, 2022-23 ਤਹਿਤ ਸਿੱਖਿਆ ਹਾਸਲ ਕਰ ਚੁੱਕੇ / ਕਰ ਰਹੇ ਵਿਦਿਆਰਥੀਆਂ ਵੱਲੋਂ ਆਪਣੇ ਬੈਂਕ ਖਾਤੇ ਆਧਾਰ ਕਾਰਡ ਨਾਲ ਲਿੰਕ ਕਰਵਾਉਣ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਈ.ਕੇ.ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ ਅੰਮ੍ਰਿਤਸਰ ਕੈਂਪਸ ਵਿਖੇ ਦਾਖਲਾ ਸਾਲ / ਸੈਸ਼ਨ 2017-18, 2018-19, 2019-20, 2020-21, 2021-22, 2022-23 ਤਹਿਤ ਸਿੱਖਿਆ ਹਾਸਲ ਕਰ ਚੁੱਕੇ / ਕਰ ਰਹੇ ਵਿਦਿਆਰਥੀਆਂ ਨੂੰ ਸਰਕਾਰ ਵੱਲੋਂ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਫਾਰ ਸ਼ਡਿਊਲ ਕਾਸਟ ਵਿਦਿਆਰਥੀ ਤਹਿਤ ਨਿਯਮਾਂ ਮੁਤਾਬਕ ਬਣਦੇ ਫੰਡ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਭੇਜੇ ਜਾਣ ਦਾ ਪ੍ਰਸਤਾਵ ਹੈ।

ਇਸ ਲਈ ਉਕਤ ਦਾਖਲਾ ਸਾਲ / ਸੈਸ਼ਨ ਦੌਰਾਨ ਆਈ.ਕੇ.ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ ਅੰਮ੍ਰਿਤਸਰ ਕੈਂਪਸ ਵਿਖੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਫਾਰ ਐਸ.ਸੀ.ਸਟੂਡੈਂਟ ਤਹਿਤ ਸਿੱਖਿਆ ਹਾਸਲ ਕਰ ਚੁੱਕੇ / ਕਰ ਰਹੇ ਵਿਦਿਆਰਥੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਰਕਾਰ ਵੱਲੋਂ ਅਦਾਇਗੀ ਸਮੇਂ ਬੈਂਕ ਖਾਤਿਆਂ ਵਿੱਚ ਆਧਾਰ ਕਾਰਡ ਲਿੰਕ ਨਾ ਹੋਣ ਕਾਰਨ, ਬੈਂਕ ਮਰਜ਼ ਹੋਣ ਕਾਰਨ ਬੈਂਕ ਖਾਤਾ, ਆਈ.ਐਫ.ਐਸ.ਸੀ. ਕੋਡ ਬਦਲ ਜਾਣ ਕਾਰਨ ਰਿਜੈਕਸ਼ਨ ਆਦਿ ਹੋਣ ਦਾ ਖਦਸ਼ਾ ਹੈ। ਇਸ ਲਈ ਪੀ.ਐਮ.ਐਸ. ਸਕੀਮ ਨਾਲ ਸਬੰਧਤ ਵਿਦਿਆਰਥੀ ਆਪਣੇ ਬੈਂਕ ਖਾਤੇ ਆਪਣੇ ਆਧਾਰ ਕਾਰਡ ਨਾਲ ਤੁਰੰਤ ਪ੍ਰਭਾਵ ਤੋਂ ਲਿੰਕ ਕਰਵਾਉਣ। ਜੇਕਰ ਕਿਸੇ ਵਿਦਿਆਰਥੀ ਦਾ ਬੈਂਕ ਅਕਾਊਂਟ ਬਦਲ ਚੁੱਕਾ ਹੈ ਜਾਂ ਬੈਂਕ ਮਰਜ਼ ਹੋਣ ਕਾਰਨ ਖਾਤਾ ਨੰਬਰ, ਆਈ.ਐਫ.ਐਸ.ਸੀ. ਕੋਡ ਬਦਲ ਗਿਆ ਹੈ ਤਾਂ ਉਸ ਸਬੰਧੀ ਮਿਤੀ 20 ਮਾਰਚ 2023 ਤੱਕ ਇਸ ਕੈਂਪਸ ਦੇ ਨੋਡਲ ਅਫਸਰ, ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਨੂੰ ਲਿਖਤੀ ਤੌਰ ਤੇ ਜਾਂ ਈ.ਮੇਲ campus.amritsar@ptu.ac.in ਰਾਹੀਂ ਸਬੰਧਤ ਦਸਤਾਵੇਜ਼ ਜਮ੍ਹਾ ਕਰਵਾਏ ਜਾਣੇ ਯਕੀਨੀ ਬਣਾਏ ਜਾਣ ਤਾਂ ਜੋ ਦਫਤਰ ਵੱਲੋਂ ਇਸ ਸਬੰਧੀ ਸਬੰਧਤ ਵਿਭਾਗ ਨੂੰ ਸਮੇਂ ਸਿਰ ਲੋੜੀਂਦੀ ਸੂਚਨਾ ਭੇਜੀ ਜਾ ਸਕੇ।

ਸਰਵਣ ਸਿੰਘ 15/2/23

**(ਸਰਵਣ ਸਿੰਘ)**
**ਨੋਡਲ ਅਫਸਰ / ਸੀਨੀਅਰ ਸਹਾਇਕ**
**ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ**

ਇਸ ਦਾ ਇੱਕ ਉਤਾਰਾ :-

1. ਡਾਇਰੈਕਟਰ, ਅੰਮ੍ਰਿਤਸਰ ਕੈਂਪਸ ਜੀ ਨੂੰ ਸੂਚਨਾ ਹਿੱਤ।
2. ਇੰਚਾਰਜ, ਆਈ.ਟੀ.ਐਸ. ਵਿਭਾਗ, ਮੁੱਖ ਕੈਂਪਸ ਜੀ ਨੂੰ ਭੇਜ ਕਿ ਬੇਨਤੀ ਕੀਤੀ ਜਾਂਦੀ ਹੈ ਕਿ ਉਕਤ ਨੋਟਿਸ ਨੂੰ ਯੂਨੀਵਰਸਿਟੀ ਵੈਬਸਾਈਟ www.ptu.ac.in ਦੇ ਨੋਟਿਸ ਬੋਰਡ ਉਪਰ ਅਪਲੋਡ ਕਰਨ ਦੀ ਖੇਚਲ ਕੀਤੀ ਜਾਵੇ ਜੀ।
3. ਡਿਪਟੀ ਰਜਿਸਟਰਾਰ, ਅੰਮ੍ਰਿਤਸਰ ਕੈਂਪਸ ਜੀ ਨੂੰ ਸੂਚਨਾ ਹਿੱਤ।
4. ਕੋਆਰਡੀਨੇਟਰ (ਅਧਿਆਪਨ ਵਿਭਾਗ) ਅੰਮ੍ਰਿਤਸਰ ਕੈਂਪਸ ਨੂੰ ਭੇਜ ਕਿ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਵਿਭਾਗ ਦੇ ਵਿਦਿਆਰਥੀਆਂ ਨੂੰ ਉਕਤ ਸਬੰਧੀ ਜਾਣੂ ਕਰਵਾ ਦਿੱਤਾ ਜਾਵੇ ਜੀ।
5. ਸੀਨੀਅਰ ਸਹਾਇਕ-1, ਅੰਮ੍ਰਿਤਸਰ ਕੈਂਪਸ ਜੀ ਨੂੰ www.amritsar.ptu.ac.in ਦੇ ਨੋਟਿਸ ਬੋਰਡ ਉਪਰ ਅਪਲੋਡ ਕਰਨ ਹਿੱਤ ਭੇਜਿਆ ਜਾਂਦਾ ਹੈ।
6. ਸ੍ਰ. ਰਮਨਪ੍ਰੀਤ ਸਿੰਘ, ਕਲਰਕ, ਪੀ.ਐਮ.ਐਸ. ਅੰਮ੍ਰਿਤਸਰ ਕੈਂਪਸ ਨੂੰ ਰਿਕਾਰਡ ਅਤੇ ਲੋੜੀਂਦੀ ਕਾਰਵਾਈ ਹਿੱਤ।
7. ਵਿਦਿਆਰਥੀ ਨੋਟਿਸ ਬੋਰਡ ਅਤੇ ਸਬੰਧਤ ਮਿਸਲ ਰਿਕਾਰਡ ਹਿੱਤ।

*Govt. Polytechnic College Road, PO, Chheharta, G.T. Road, Amritsar-143105.*
Ph. 0183-2450034 Email: campus.amritsar@ptu.ac.in Website: https://amritsar.ptu.ac.in